ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

No....2459                                                                 Dated....03/8/22

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਮਿਤੀ 01/08/2022 ਨੂੰ ਪਾਸ ਕੀਤੇ ਗਏ ਹੁਕਮ ਦੀ ਨਕਲ ਭੇਜਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:40 ਤੋਂ 44 ਮਿਤੀ 01/08/2022 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ:2460-2464                                                   ਮਿਤੀ: 03/8/22

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ/ਸਹਾਇਕ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

# ਦਫ਼ਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: cmcphagwara@gmail.com


ਮਿਤੀ:01-08-2022 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

<table>
<tr><th>ਲੜੀ ਨੰ:</th><th>ਤਜ਼ਵੀਜ਼</th><th>ਹੁਕਮ ਨੰ:</th><th>ਫੈਸਲਾ</th></tr>
<tr><td>1</td><td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਬਰਸਾਤਾਂ ਦੇ ਮੌਸਮ ਦੌਰਾਨ ਸਕੀਮ ਨੰ: 3 ਸਾਹਮਣੇ ਕੇ.ਕੇ. ਮੈਡੀਕਲ ਹਾਲ ਵਿਖੇ ਪਾਣੀ ਦੀ ਨਿਕਾਸੀ ਦਾ ਕੋਈ ਖਾਸ ਪ੍ਰਬੰਧ ਨਾ ਹੋਣ ਕਾਰਣ ਇਸ ਜਗ੍ਹਾ ਤੇ ਪਾਣੀ ਖੜ੍ਹਾ ਰਹਿੰਦਾ ਹੈ, ਜਿਸ ਕਾਰਣ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਬਰਸਾਤੀ ਪਾਣੀ ਖੜ੍ਹਾ ਰਹਿਣ ਕਾਰਣ ਕਿਸੇ ਤਰ੍ਹਾ ਦੀ ਬਿਮਾਰੀ ਫੈਲਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਲੋਕਾਂ ਦੀ ਮੁਸ਼ਕਿਲ ਨੂੰ ਦੇਖਦੇ ਹੋਏ ਸਕੀਮ ਨੰ: 3 ਸਾਹਮਣੇ ਕੇ.ਕੇ. ਮੈਡੀਕਲ ਹਾਲ ਵਿਖੇ ਸੜਕ ਤੇ ਸੀਵਰੇਜ ਪਾਈਪ ਅਤੇ ਮੈਨਹੋਲ ਚੈਂਮਬਰ ਪਾਉਣ ਦੀ ਤਜਵੀਜ਼ ਹੈ ਤਾਂ ਜੋ ਬਰਸਾਤੀ ਪਾਣੀ ਦੀ ਨਿਕਾਸੀ ਮੁਕੰਮਲ ਰੂਪ ਵਿੱਚ ਹੋ ਸਕੇ। ਇਸ ਲਈ ਇਸ ਕੰਮ ਨੂੰ ਕਰਵਾਉਣ ਲਈ ਹੇਠ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ:-
<table>
<tr><th>ਲੜੀ ਨੰ:</th><th>ਕੰਮ ਦਾ ਨਾਮ</th><th>ਤਖਨੀਮਾ ਲਾਗਤ (ਰਕਮ ਲੱਖਾਂ ਵਿੱਚ)</th></tr>
<tr><td>1</td><td>P/L SW Pipe and Manhole in Scheme no. 03 Opp. KK Medical Hall, M.C. Phagwara</td><td>8.10</td></tr>
</table>
ਉਪਰੋਕਤ ਨੂੰ ਮੁੱਖ ਰਖਦੇ ਹੋਏ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨੂੰ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td>40</td><td>As per recommendation of S.E. the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td></tr>
</table>

Scanned with CamScanner

ਦਫ਼ਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: cmcphagwara@gmail.com

2 ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਉਪ ਮੰਡਲ ਨੰ: 2, ਫਗਵਾੜਾ ਵੱਲੋਂ ਸ਼ਹਿਰ ਵਿੱਚ ਲੋਕਾਂ ਨੂੰ ਸੀਵਰੇਜ ਲਾਈਨ ਅਤੇ ਵਾਟਰ ਸਪਲਾਈ ਮੁਹਈਆ ਕਰਵਾਉਣ ਲਈ ਤਖਮੀਨੇ ਤਿਆਰ ਕੀਤੇ ਹਨ। ਤਖਮੀਨਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:- 41

| Sr. No. | Name of Work | Est. Amt. (Lacs) | Letter Reference |
|---|---|---|---|
| 1 | For providing & installing 1 no. Tubewell of size 300mm x 200mm i/d against failed tubewell, const. of pump chamber, providing and laying D.I k-7 water supply line for connecting proposed tubewell with existing water supply line and all other works contingent thereto in mohalla Shahid Udham Singh Nagar at Phagwara Town, Distt. Kapurthala | 22.66 | No.499 dated 13/06/2022 |
| 2 | For providing & installing Hand Bore Tubewell against failed T/well at Mohalla Santokhpura at Phagwara Distt. Kapurthala | 20.03 | No.499 dated 13/06/2022 |

ਉਕਤ ਅਨੁਸਾਰ ਕੰਮ ਕਰਵਾਉਣ ਲਈ ਕਾਰਜਕਾਰੀ ਇੰਜੀਨੀਅਰ, ਡਵੀਜ਼ਨ ਨੰ: 2, ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਜਲੰਧਰ ਨੂੰ ਤਖਮੀਨਿਆਂ ਅਧੀਨ ਰਾਸ਼ੀ ਭੇਜੀ ਜਾਣੀ ਹੈ। ਇਸ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਦੇ ਹਾਊਸ ਵਿੱਚ ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਲੋੜੀਂਦੀ ਹੈ।

ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਤਖਮੀਨਿਆਂ ਦੀ ਪ੍ਰਵਾਨਗੀ ਅਤੇ ਕੰਮ ਕਰਵਾਉਣ ਲਈ ਕਾਰਜਕਾਰੀ ਇੰਜੀਨੀਅਰ, ਡਵੀਜ਼ਨ ਨੰ: 2, ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਜਲੰਧਰ ਨੂੰ ਰਾਸ਼ੀ ਜਾਰੀ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**As per recommendation of S.E. the proposal is approved**

ਸਹੀ/-
ਕਮਿਸ਼ਨਰ/ਪ੍ਰਸ਼ਾਸਕ

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ

**OFFICE OF THE MUNICIPAL CORPORATION PHAGWARA**

TOWN HALL PARK, PHAGWARA-144401

Office: 01824-260426 Fax: 01824-223260

Website: www.mcphagwara.com Email: cmcphagwara@gmail.com


<table>
<tr>
<td>3</td>
<td>ਰਿਪੋਰਟ ਵੱਲੋਂ ਚੀਫ ਸੈਨੇਟਰੀ ਇੰਸਪੈਕਟਰ, ਕਿ ਸਵੱਛ ਭਾਰਤ ਮਿਸ਼ਨ ਤਹਿਤ ਅਤੇ ਸ਼ਹਿਰ ਦੀ ਸਫਾਈ ਵਿਵੱਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਲਥ ਸ਼ਾਖਾ ਨੂੰ ਰਿਕਸ਼ਾ ਅਤੇ ਰੇਹੜੀਆਂ ਦੀ ਜਰੂਰਤ ਹੈ ਜਿਸ ਨਾਲ ਸਫਾਈ ਕਰਮਚਾਰੀਆਂ ਵੱਲੋਂ ਘਰਾਂ-ਘਰਾਂ ਤੋਂ ਕੂੜਾ ਚੁੱਕਿਆ ਜਾਣਾ ਹੈ ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-<br>
<table>
<tr><th>ਲੜੀ ਨੰ.</th><th>ਲੋੜੀਂਦਾ ਸਮਾਨ</th><th>ਗਿਣਤੀ</th><th>ਰੇਟ</th><th>ਅੰਦਾਜਣ ਖਰਚਾ</th></tr>
<tr><td>1.</td><td>ਰੇਹੜੀ</td><td>70</td><td>7500/- ਪ੍ਰਤੀ</td><td>5,25,000/-</td></tr>
<tr><td>2.</td><td>ਰਿਕਸ਼ਾ</td><td>100</td><td>35000/- ਪ੍ਰਤੀ</td><td>35,00,000/-</td></tr>
<tr><td colspan="4">ਕੁੱਲ ਰਕਮ</td><td>40,25,000/-</td></tr>
</table>
ਉਕਤ ਰਿਕਸ਼ਾ ਅਤੇ ਰੇਹੜੀਆਂ ਦੇ ਰੇਟ ਜੈਮ ਪੋ੍ਟਲ ਤੋ ਪ੍ਰਾਪਤ ਕੀਤੇ ਗਏ ਹਨ। ਇਸ ਲਈ ਰਿਕਸ਼ਾ ਅਤੇ ਰੇਹੜੀਆਂ ਦੀ ਖਰੀਦ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।।</td>
<td>42</td>
<td>As per recommendation of C.S.I. the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td>
</tr>
<tr>
<td>4</td>
<td>ਰਿਪੋਰਟ ਵੱਲੋਂ ਚੀਫ ਸੈਨੇਟਰੀ ਇੰਸਪੈਕਟਰ, ਕਿ ਸਵੱਛ ਭਾਰਤ ਮਿਸ਼ਨ ਤਹਿਤ ਅਤੇ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਗਰ ਨਿਗਮ, ਫਗਵਾੜਾ ਦੀ ਹਦੂਦ ਅੰਦਰ ਪੈਂਦੇ ਵਪਾਰਿਕ ਅਦਾਰਿਆਂ (ਹੋਟਲ, ਰੈਸਟੋਰੈਂਟ,ਢਾਬੇ ਆਦਿ) ਤੋਂ ਕੂੜੇ ਕਰਕਟ ਦੀ ਲਿਫਟਿੰਗ ਲਈ 5 Hopper Tipper Dumper with capacity of 2.5 cubic meter ਦੀ ਜਰੂਰਤ ਹੈ। ਇਸ ਲਈ ਸ਼ਹਿਰ ਦੀ ਸਫਾਈ ਵਿਵਸਥਾ ਅਤੇ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ 5 Hopper Tipper Dumper with capacity of 2.5 cubic meter ਖਰੀਦ ਕਰਨੇ ਬਹੁਤ ਜਰੂਰੀ ਹਨ। ਜੈਂਮ ਪੋਰਟਲ ਤੇ ਉਕਤ ਮਾਡਲ ਦੇ 5 Tipper ਦੀ ਲਾਗਤ ਲਗਭਗ 7.50 X 5 = 37.50 ਲੱਖ ਰੁਪਏ ਹੈ। ਇਸ ਲਈ 5 Tipper ਦੀ ਖਰੀਦ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td>
<td>43</td>
<td>As per recommendation of C.S.I. the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td>
</tr>
</table>

Scanned with CamScanner

<table>
<tr>
<td>5</td>
<td>ਰਿਪੋਰਟ ਵੱਲੋਂ ਚੀਫ ਸੈਨੇਟਰੀ ਇੰਸਪੈਕਟਰ, ਕਿ ਸਵੱਛ ਭਾਰਤ ਮਿਸ਼ਨ ਤਹਿਤ ਪਬਲਿਕ ਹਿੱਤਾਂ ਅਤੇ ਸ਼ਹਿਰ ਦੀ ਸਫਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈੱਲਥ ਸ਼ਾਖਾ ਨੂੰ ਹੇਠ ਅਨੁਸਾਰ ਲੋੜੀਂਦੇ ਸਮਾਨ ਦੀ ਜਰੂਰਤ ਹੈ:-<br>
<table>
<tr><th>ਲੜੀ ਨੰ:</th><th>ਲੋੜੀਂਦਾ ਸਮਾਨ</th><th>ਗਿਣਤੀ</th><th>ਅੰਦਾਜ਼ਨ ਖਰਚਾ</th></tr>
<tr><td>1.</td><td>ਪੰਜੇ</td><td>30</td><td>7,500/-</td></tr>
<tr><td>2.</td><td>ਫੋਹੜੇ</td><td>30</td><td>10,500/-</td></tr>
<tr><td>3.</td><td>ਬੇਲਚੇ</td><td>30</td><td>7,500/-</td></tr>
<tr><td>4.</td><td>ਕਹੀ</td><td>30</td><td>7,500/-</td></tr>
<tr><td>5.</td><td>ਬੂਟ</td><td>30</td><td>6,000/-</td></tr>
<tr><td>6.</td><td>ਗਲਵਸ</td><td>312</td><td>2,500/-</td></tr>
<tr><td>7.</td><td>ਮਾਸਕ</td><td>312</td><td>2,500/-</td></tr>
</table>
ਉਕਤ ਸਮਾਨ ਖਰੀਦ ਕਰਨ ਲਈ ਲਗਭਗ 44,000/- ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਉਕਤ ਸਮਾਨ ਨੂੰ ਖਰੀਦ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td>
<td>44</td>
<td>As per recommendation of C.S.I. the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td>
</tr>
</table>

ਤਸਦੀਕੀ ਕਾਪੀ

ਸੁਪਰਡੰਟ
ਨਗਰ ਨਿਗਮ, ਫਗਵਾੜਾ

Scanned with CamScanner